| ਖੁਰਾਕੀ ਅੰਸ਼ | ਵੰਡ - 1 ਫਲੀਦਾਰ ਚਾਰੇ ਨਾਲ ਵਰਤੋਂ | | | ਵੰਡ - 2 ਗੈਰ ਫਲੀਦਾਰ ਚਾਰੇ ਨਾਲ ਵਰਤੋਂ | | |
|---|---|---|---|---|---|---|
| | 1 | 2 | 3 | 1 | 2 | 3 |
| ੳ) ਦਾਣੇ | | | | | | |
| ਮੱਕੀ/ਕਣਕ | 30 | 20 | 15 | 25 | 15 | 10 |
| ਜੌਂ/ਜਵੀਂ/ ਬਾਜਰਾ | 15 | 25 | 30 | 10 | 20 | 25 |
| ਅ) ਖਲਾਂ | | | | | | |
| ਮੂੰਗਫਲੀ/ਤਿਲ/ਸੋਇਆਬੀਨ | 10 | 12 | 15 | 20 | 25 | 30 |
| ਅਲਸੀ/ਸਰ੍ਹੋਂ/ਵੜੇਵੇਂ | 15 | 13 | 10 | 15 | 10 | 5 |
| ੲ) ਖੇਤੀ ਸਹਿ ਉਪਜਾਂ | | | | | | |
| ਚੋਕਰ/ਤੇਲ ਰਹਿਤ ਰਾਇਸ ਪਾਲਸ਼ | 27 | 27 | 27 | 27 | 27 | 27 |
| ਸ) ਧਾਤਾਂ | | | | | | |
| ਧਾਤਾਂ ਦਾ ਚੂਰਾ | 2 | 2 | 2 | 2 | 2 | 2 |
| ਲੂਣ | 1 | 1 | 1 | 1 | 1 | 1 |

ਇਕ ਵਰਗ ਲਈ ਤਿਆਰ ਕੀਤੀ ਪਸ਼ੂ ਖੁਰਾਕ ਦੂਜੇ ਵਰਗ ਦੀਆਂ ਤੱਤਾਂ ਸੰਬੰਧੀ ਲੋੜਾਂ ਪੂਰੀਆਂ ਨਹੀਂ ਕਰ ਸਕਦੀ। ਕਟੜੂਆਂ-ਵਛੜੂਆਂ ਨੂੰ ਸਰੀਰਕ ਜ਼ਰੂਰਤਾਂ ਪੂਰੀਆਂ ਕਰਨ ਲਈ 18% ਪ੍ਰੋਟੀਨ ਅਤੇ 75% ਕੁੱਲ ਪਚਣਯੋਗ ਤੱਤਾਂ ਵਾਲੀ ਖੁਰਾਕ ਦੀ ਲੋੜ ਹੁੰਦੀ ਹੈ ਜਿਸ ਨੂੰ ਕਾਫ ਸਟਾਟਰ ਕਿਹਾ ਜਾਂਦਾ ਹੈ। ਵੈਟਨਰੀ ਯੂਨੀਵਰਸਿਟੀ ਦੀਆਂ ਸਿਫਾਰਿਸ਼ਾਂ ਅਨੁਸਾਰ ਕਾਫ ਸਟਾਟਰ ਹੇਠ ਲਿਖੇ ਖੁਰਾਕੀ ਅੰਸ਼ਾਂ ਦੀ ਵਰਤੋਂ ਕਰਕੇ ਬਣਾਇਆ ਜਾ ਸਕਦਾ ਹੈ।

| ਸੰਖਿਆ ਨੰ: | ਖੁਰਾਕੀ ਅੰਸ਼ | ਹਿੱਸੇ |
|---|---|---|
| 1 | ਮੱਕੀ | 50 |
| 2. | ਸੋਇਆਬੀਨ ਮੀਲ | 30 |
| 3. | ਫੁਲ ਫੈਟ ਸੋਇਆ | 5 |
| 4. | ਚੋਕਰ | 12 |
| 5. | ਧਾਤਾਂ ਦਾ ਚੂਰਾ | 2 |
| 6. | ਨਮਕ | 1 |
| 7. | ਵਿਟਾਮਿਨ ਏ ਅਤੇ ਡੀ | 5 ਗ੍ਰਾਮ |
| 8. | ਪ੍ਰੋਬਾਇਓਟਿਕ | 100 ਗ੍ਰਾਮ |


ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

**ਨਿਰਦੇਸ਼ਾਲਾ ਪਸਾਰ ਸਿੱਖਿਆ**


**ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ,**

ਲੁਧਿਆਣਾ-141004

ਫੋਨ : 0161-2414005, 2414040, 2414026


# ਪਸ਼ੂਆਂ ਲਈ ਸੰਤੁਲਿਤ ਖੁਰਾਕ

# BALANCE FEED FOR DAIRY ANIMALS




ਡਾ. ਜਸਪਾਲ ਸਿੰਘ ਹੁੰਦਲ

ਡਾ. ਜਸਵਿੰਦਰ ਸਿੰਘ

ਡਾ. ਸੁਰੇਸ਼ ਕੁਮਾਰ ਕਾਂਸਲ

ਡਾ. ਹਰੀਸ਼ ਕੁਮਾਰ ਵਰਮਾ


ICAR

**FFP FOLDER - 10**


**ACKNOWLEDGMENT**

We are highly thankful to Farmer FIRST Programme, ICAR, New Delhi for providing financial assistance to publish this folder for the benefit of farmers.



**ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ,**

ਲੁਧਿਆਣਾ-141004

ਪਸ਼ੂ ਨੂੰ ਸਰੀਰਕ ਸਾਂਭ ਸੰਭਾਲ, ਵਾਧੇ ਵਿਕਾਸ, ਪ੍ਰਜਨਣ ਅਤੇ ਦੁੱਧ ਉਤਪਾਦਨ ਲਈ ਖੁਰਾਕੀ ਤੱਤਾਂ ਦੀ ਲੋੜ ਹੁੰਦੀ ਹੈ। ਪਸ਼ੂ ਨੂੰ ਸਭ ਲੋੜੀਂਦੇ ਤੱਤ ਮੁਹੱਈਆ ਕਰਵਾਉਣ ਵਾਲੀ ਖੁਰਾਕ ਨੂੰ ਸੰਤੁਲਿਤ ਖੁਰਾਕ ਕਿਹਾ ਜਾਂਦਾ ਹੈ। ਵਿਗਿਆਨਕ ਦ੍ਰਿਸ਼ਟੀ ਤੋਂ ਸੰਤੁਲਿਤ ਖੁਰਾਕ ਛੇ ਤੱਤਾਂ ਤੋਂ ਮਿਲ ਕੇ ਬਣਦੀ ਹੈ। ਕਾਰਬੋਹਾਈਡ੍ਰੇਟਸ, ਪ੍ਰੋਟੀਨ, ਫੈਟ, ਧਾਤਾਂ, ਵਿਟਾਮਿਨ ਅਤੇ ਪਾਣੀ। ਕਾਰਬੋਹਾਈਡ੍ਰੇਟਸ ਅਤੇ ਫੈਟ ਸਰੀਰ ਨੂੰ ਊਰਜਾ ਪ੍ਰਦਾਨ ਕਰਦੇ ਹਨ ਅਤੇ ਪਸ਼ੂਆਂ ਲਈ ਹਰੇ ਚਾਰੇ ਅਤੇ ਅਨਾਜ਼ ਊਰਜਾ ਦੇ ਮੁੱਖ ਸ੍ਰੋਤ ਹੁੰਦੇ ਹਨ। ਚਾਰੇ ਵਿੱਚ ਰੇਸ਼ੇਦਾਰ ਕਾਰਬੋਹਾਈਡ੍ਰੇਟਸ ਜਿਵੇਂ ਸੈਲੂਲੋਜ਼ ਅਤੇ ਹੈਮੀਸੈਲੂਲੋਜ਼ ਨੂੰ ਲਵੇਰੇ ਪਚਾ ਸਕਦੇ ਹਨ। ਪ੍ਰੋਟੀਨ ਸਰੀਰ ਦੇ ਵਾਧੇ ਅਤੇ ਦੁੱਧ ਉਤਪਾਦਨ ਲਈ ਲੋੜੀਂਦੇ ਹੁੰਦੇ ਹਨ। ਇਹ ਫਲੀਦਾਰ ਚਾਰੇ ਅਤੇ ਖਲਾਂ ਆਦਿ ਤੋਂ ਮਿਲਦੇ ਹਨ। ਪਸ਼ੂਆਂ ਨੂੰ ਸਰੀਰਕ ਸਾਂਭ ਸੰਭਾਲ, ਵਾਧੇ ਵਿਕਾਸ, ਪ੍ਰਜਨਣ ਅਤੇ ਦੁੱਧ ਉਤਪਾਦਨ ਲਈ ਇਹ ਸਾਰੇ ਤੱਤ ਹੇਠ ਲਿਖੇ ਖੁਰਾਕੀ ਤੱਤ ਹੇਠ ਲਿਖੇ ਖੁਰਾਕੀ ਅੰਸ਼ਾਂ ਤੋਂ ਮਿਲਦੇ ਹਨ।

1. ਹਰਾ ਚਾਰਾ
2. ਸੁੱਕਾ ਚਾਰਾ
3. ਵੰਡ

1. **ਹਰਾ ਚਾਰਾ :** ਪਸ਼ੂ ਪਾਲਣ ਤੇ ਹੋਣ ਵਾਲੇ ਖਰਚਿਆਂ ਵਿੱਚੋਂ 60-65% ਖਰਚਾ ਖੁਰਾਕ ਤੇ ਹੀ ਆਉਂਦਾ ਹੈ। ਦੁਨੀਆ ਭਰ ਵਿੱਚ ਸਭ ਤੋਂ ਸਸਤਾ ਦੁੱਧ ਹਰੇ ਚਾਰੇ ਨਾਲ ਹੀ ਪੈਦਾ ਕੀਤਾ ਜਾ ਸਕਦਾ ਹੈ। ਇਸ ਲਈ ਹਮੇਸ਼ਾ ਵਧ ਕਟਾਈਆਂ ਅਤੇ ਜ਼ਿਆਦਾ ਝਾੜ ਦੇਣ ਵਾਲੇ ਚਾਰੇ ਹੀ ਬੀਜਣੇ ਚਾਹੀਦੇ ਹਨ। ਚਾਰੇ ਨੂੰ ਦੋ ਕਿਸਮਾਂ ਵਿੱਚ ਵੰਡਿਆ ਜਾ ਸਕਦਾ ਹੈ।

* ਫਲੀਦਾਰ : ਬਰਸੀਮ, ਲੂਸਣ, ਸੇਂਜੀ, ਹਰਵਾਂਹ, ਗੁਆਰਾ ਆਦਿ
* ਗੈਰ ਫਲੀਦਾਰ : ਮੱਕੀ, ਬਾਜਰਾ, ਜੁਆਰ, ਜਵੀਂ, ਰਾਈ ਘਾਹ ਆਦਿ।

ਫਲੀਦਾਰ ਹਰੇ ਚਾਰਿਆਂ ਵਿੱਚ ਪ੍ਰੋਟੀਨ ਵਧੇਰੇ ਹੁੰਦਾ ਹੈ ਇਸ ਲਈ ਇਨ੍ਹਾਂ ਨੂੰ ਮਿਆਰੀ ਮੰਨਿਆ ਜਾਂਦਾ ਹੈ। (ਸਾਰਣੀ -1) । ਗੈਰ ਫਲੀਦਾਰ ਹਰੇ ਚਾਰਿਆਂ ਵਿੱਚ ਪ੍ਰੋਟੀਨ ਘੱਟ ਹੁੰਦਾ ਹੈ ਪਰ ਨਿਸ਼ਾਸਤਾ ਵਧੇਰੇ ਹੋਣ ਕਾਰਣ ਅਚਾਰ ਬਣਾਉਣ ਦੇ ਕੰਮ ਆਉਂਦਾ ਹੈ। ਸਿਹਤਮੰਦ ਪਸ਼ੂ ਨੂੰ ਉਸਦੇ ਸਰੀਰਕ ਭਾਰ ਦਾ ਲਗਭਗ 10% ਹਰੇ ਚਾਰੇ ਲੋੜੀਂਦੇ ਹੁੰਦੇ ਹਨ। ਉਦਾਹਰਣ ਦੇ ਤੌਰ ਤੇ 400-500 ਕਿਲੋ ਭਾਰ ਵਾਲੇ ਪਸ਼ੂ ਲਈ 40-50 ਕਿਲੋ ਹਰੇ ਚਾਰੇ ਦੀ ਲੋੜ ਹੁੰਦੀ ਹੈ। ਸਾਰਾ ਸਾਲ ਚਾਰਾ ਇਕੋ ਹੀ ਮਾਤਰਾ ਵਿੱਚ ਉਪਲੱਬਧ ਨਹੀਂ ਹੁੰਦਾ। ਇਸ ਲਈ ਥੁੜ ਸਮੇਂ ਵਰਤਣ ਲਈ ਹਰਾ ਚਾਰਾ ਅਚਾਰ ਬਣਾ ਕੇ ਜਾਂ ਸੁਕਾਅ ਕੇ ਰੱਖ ਲੈਣਾ ਚਾਹੀਦਾ ਹੈ। ਜੁਲਾਈ ਤੋਂ ਸਤੰਬਰ ਦੇ ਵਿੱਚ ਬਾਜਰਾ, ਮੱਕੀ,ਚਰ੍ਹੀ ਆਦਿ ਦਾ ਅਚਾਰ ਬਣਾ ਪਾਇਆ ਜਾਵੇ ਤਾਂ ਇਸ ਨੂੰ ਨਵੰਬਰ - ਦਸੰਬਰ ਵਿੱਚ ਹਰੇ ਚਾਰੇ ਦੀ ਘਾਟ ਸਮੇਂ ਵਰਤਿਆ ਜਾ ਸਕਦਾ ਹੈ। ਮਾਰਚ-ਅਪ੍ਰੈਲ ਵਿੱਚ ਵਾਧੂ ਬਰਸੀਮ, ਲੂਸਣ ਨੂੰ ਸੁਕਾ ਕੇ ਹੇਅ ਬਣਾਇਆ ਜਾਵੇ ਤਾਂ ਮਈ-ਜੂਨ ਦੇ ਥੁੜ੍ਹ ਵਾਲੇ ਮਹੀਨਿਆਂ ਵਿੱਚ ਵਰਤੋਂ ਕੀ ਤੀ ਜਾ ਸਕਦੀ ਹੈ।

2. **ਸੁੱਕਾ ਚਾਰਾ :** ਪੰਜਾਬ ਵਿੱਚ ਆਮ ਤੌਰ ਤੇ ਤੂੜੀ, ਪਰਾਲੀ ਅਤੇ ਕੜਬੀ ਆਦਿ ਸੁੱਕੇ ਚਾਰੇ ਵਜੋਂ ਵਰਤੇ ਜਾਂਦੇ ਹਨ। ਸੁੱਕੇ ਚਾਰਿਆਂ ਵਿੱਚ ਪਚਣਯੋਗ ਤੱਤ ਬਹੁਤ ਘੱਟ ਹੁੰਦੇ ਹਨ ਅਤੇ ਪਚਣਯੋਗ ਪ੍ਰੋਟੀਨ ਤਾਂ ਹੁੰਦੀ ਹੀ ਨਹੀਂ। ਇਹ ਮੁੱਖ ਤੌਰ ਤੇ ਸਰਦੀ ਵਾਲੇ ਚਾਰਿਆਂ ਜਿਵੇਂ ਕਿ ਬਰਸੀਮ, ਲੂਸਣ, ਸੇਂਜੀ ਆਦਿ ਨਾਲ 4-6 ਕਿਲੋ ਤੱਕ ਵਰਤੇ ਜਾਂਦੇ ਹਨ ਤਾਂ ਕਿ ਖੁਰਾਕ ਵਿੱਚ ਰੇਸ਼ਾ ਉੱਚਿਤ ਮਾਤਰਾ ਵਿੱਚ ਰਹੇ।

3. **ਵੰਡ :** ਵੰਡ ਖੁਰਾਕ ਦਾ ਸਭ ਤੋਂ ਮਹਿੰਗਾ ਹੁੰਦਾ ਹੈ। ਇਹ ਪਸ਼ੂਆਂ ਦੀਆਂ ਸਰੀਰਕ ਅਤੇ ਪੈਦਾਵਾਰਕ ਲੋੜਾਂ ਪੂਰੀਆਂ ਕਰਨ ਲਈ ਤੱਤਾਂ ਦਾ ਸੰਘਣਾ ਸ੍ਰੋਤ ਹੁੰਦਾ ਹੈ। ਵੰਡ ਬਣਾਉਣ ਲਈ ਅਨਾਜ਼ ਜਿਵੇਂ ਕਿ ਕਣਕ, ਮੱਕੀ, ਚੌਲਾਂ ਦੀ ਕਣੀ, ਬਾਜਰਾ, ਜੌਂ ਆਦਿ, ਖਲਾਂ ਜਿਵੇਂ ਕਿ ਸਰ੍ਹੋਂ, ਵੜੇਵੇਂ ਜਾਂ ਸੋਇਆਬੀਨ ਦੀ ਖਲ ਆਦਿ, ਖੇਤੀ ਸਹਿ ਉਪਜਾਂ ਜਿਵੇਂ ਕਿ ਚੌਲਾਂ ਦੀ ਪਾਲਸ਼, ਚੋਕਰ, ਸੀਰਾ, ਬਰੀਵਰੀ ਅਨਾਜ਼, ਤੇਲ ਰਹਿਤ ਚੌਲਾਂ ਦੀ ਪਾਲਸ਼ ਆਦਿ, ਧਾਤਾਂ ਦਾ ਚੂਰਾ ਅਤੇ ਲੂਣ ਦਾ ਇਸਤੇਮਾਲ ਕੀਤਾ ਜਾਂਦਾ ਹੈ। ਵੰਡ ਬਣਾਉਣ ਲਈ ਹਮੇਸ਼ਾ ਇੱਕ ਤੋਂ ਵਧੇਰੇ ਖੁਰਾਕੀ ਅੰਸ਼ਾਂ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਇਹ ਉੱਲੀ ਜਾਂ ਮਿਲਾਵਟਾਂ ਤੋਂ ਰਹਿਤ ਹੋਣੇ ਚਾਹੀਦੇ ਹਨ। ਸਖ਼ਤ ਅਨਾਜ਼ ਜਾਂ ਖਲਾਂ ਦਰੜ ਕੇ ਪਾਉਣੀਆਂ ਚਾਹੀਦੀਆਂ ਹਨ। ਪਸ਼ੂ ਦੀਆਂ ਖਣਿਜਾਂ ਸੰਬੰਧੀ ਲੋੜਾਂ ਪੂਰੀਆਂ ਕਰਨ ਲਈ ਵੰਡ ਵਿੱਚ 2% ਧਾਤਾਂ ਦਾ ਚੂਰਾ ਅਤੇ 1% ਲੂਣ ਵਰਤਣਾ ਚਾਹੀਦਾ ਹੈ ਕਿਉਂਕਿ ਗੈਰ ਫਲੀਦਾਰ ਹਰੇ ਚਾਰਿਆਂ ਵਿੱਚ ਫਲੀਦਾਰ ਹਰੇ ਚਾਰਿਆਂ ਨਾਲੋਂ ਪ੍ਰੋਟੀਨ ਘੱਟ ਹੁੰਦਾ ਹੈ ਇਸ ਲਈ ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਵਲੋਂ ਫਲੀਦਾਰ ਹਰੇ ਚਾਰਿਆਂ ਨਾਲ ਪਾਉਣ ਲਈ 13% ਪ੍ਰੋਟੀਨ ਵਾਲਾ ਅਤੇ ਗੈਰ ਫਲੀਦਾਰ ਹਰੇ ਚਾਰਿਆਂ ਨਾਲ ਪਾਉਣ ਲਈ 16% ਪ੍ਰੋਟੀਨ ਵਾਲਾ ਵੰਡ ਹੇਠ ਲਿਖੇ ਅਨੁਸਾਰ ਸਿਫਾਰਿਸ਼ ਕੀਤਾ ਜਾਂਦਾ ਹੈ :

ਉਪਰੋਕਤ ਵਸਤਾਂ ਮਿਲਾ ਕੇ ਬਣਿਆ ਵੰਡ ਹਰ 2.5 ਕਿੱਲੋਂ ਦੁੱਧ ਪਿਛੇ ਗਾਂ ਨੂੰ ਅਤੇ ਹਰ 2 ਕਿੱਲੋ ਪਿੱਛੇ ਮੱਝ ਨੂੰ ਇੱਕ ਕਿੱਲੋ ਪਾਉਣਾ ਚਾਹੀਦਾ ਹੈ। ਜ਼ਿਆਦਾ ਮਾਤਰਾ ਵਿੱਚ ਵੰਡ ਚਾਰਨ ਨਾਲ ਪਸ਼ੂਆਂ ਨੂੰ ਪੇਟ ਦੇ ਤੇਜ਼ਾਬੀਪਨ ਦੀ ਸਮੱਸਿਆ ਆ ਸਕਦੀ ਹੈ, ਇਸ ਲਈ ਜੇਕਰ ਵੰਡ ਵਧੇਰੇ ਮਾਤਰਾ ਵਿੱਚ ਵਰਤ ਹੋ ਰਿਹਾ ਹੋਵੇ ਜਾਂ ਵੰਡ ਅਚਾਰ ਨਾਲ ਇਸਤੇਮਾਲ ਹੋ ਰਿਹਾ ਹੋਵੇ ਤਾਂ ਵੰਡ ਬਣਾਉਣ ਸਮੇਂ ਬਫਰ ਜਿਵੇਂ ਕਿ ਮਿੱਠਾ ਸੋਡਾ ਦੀ 0.5 ਤੋਂ 1 ਕਿੱਲੋ ਪ੍ਰਤੀ ਕੁਇੰਟਲ ਵਰਤੋਂ ਕਰਨੀ ਚਾਹੀਦੀ ਹੈ। ਅਜਿਹਾ ਕਰਨ ਨਾਲ ਪਸ਼ੂ ਤੇਜ਼ਾਬੀਪਨ ਅਤੇ ਬਦਹਜ਼ਮੀ ਤੋਂ ਬਚਿਆ ਰਹੇਗਾ ਅਤੇ ਦੁੱਧ ਵਿੱਚ ਫੈਟ ਵੀ ਨਹੀਂ ਘਟੇਗੀ।

ਭਿੰਨ ਭਿੰਨ ਉਮਰ ਵਰਗ ਦੇ ਪਸ਼ੂਆਂ ਦੀਆਂ ਖੁਰਾਕੀ ਤੱਤਾਂ ਸੰਬੰਧੀ ਲੋੜਾਂ ਵੱਖੋ-ਵੱਖ ਹੁੰਦੀਆਂ ਹਨ।

**ਸਾਰਣੀ 1 : ਗਰਮ - ਸਰਦ ਰੁੱਤ ਵਿੱਚ ਹੋਣ ਵਾਲੇ ਹਰੇ ਚਾਰੇ, ਉਹਨਾਂ ਦੀ ਗੁਣਵੱਤਾ ਅਤੇ ਝਾੜ**

| ਚਾਰੇ ਦਾ ਨਾਮ | ਖੁਰਾਕੀ ਤੱਤ ਪ੍ਰਤੀਸ਼ਤ | | ਝਾੜ ਕੁਇੰਟਲ/ਝਾੜ |
|---|---|---|---|
| | ਪ੍ਰੋਟੀਨ | ਪਾਚਣਯੋਗ ਤੱਤ | |
| ੳ) ਗਰਮ ਰੁੱਤ ਦੇ ਚਾਰੇ | | | |
| ਮੱਕੀ | 10 | 66 | 160 |
| ਚਰ੍ਹੀ | 9 | 56 | 240 |
| ਬਾਜਰਾ | 9 | 60 | 230 |
| ਨੇਪੀਅਰ ਬਾਜਰਾ | 9.5 | 65 | 750 |
| ਗਿਨ੍ਹੀ ਘਾਹ | 11 | 68 | 800 |
| ਸੂਡੇਕਸ ਚਰ੍ਹੀ | 10 | 56 | 480 |
| ਅ) ਸਰਦ ਰੁੱਤ ਦੇ ਚਾਰੇ | | | |
| ਜਵੀਂ | 9.5 | 65 | 230 |
| ਰਾਈ ਘਾਹ | 16 | 68 | 325 |
| ਬਰਸੀਮ | 18 | 62 | 420 |
| ਲੂਸਣ | 20 | 60 | 300 |